# ਈ ਐੱਲ ਐੱਲ ਮੈਟਰਿਕਸ ਗਰੇਡ 8-12

ਨਾਂ: ______________________________ Student #: ______________________________

| ਪੱਖ | ਪੱਧਰ 1 (ਸ਼ੁਰੁਆਤ) | ਪੱਧਰ 2 (ਉੱਨਤ ਹੋ ਰਿਹਾ) | ਪੱਧਰ 3 (ਵਧ ਰਿਹਾ) | ਪੱਧਰ 4 (ਪੱਕਾ ਹੋ ਰਿਹਾ) |
|---|---|---|---|---|
| **ਸੁਣਨਾ** | • ਸਮਝ ਸੀਮਤ ਹੈ<br>• ਜਵਾਬ ਦੇਣ ਲਈ ਕਾਫੀ ਸਮਾਂ ਲਗਦਾ ਹੈ<br>• - ਟੀਚਰ ਵਲੋਂ ਬੋਲ ਕੇ ਅਤੇ ਇਸ਼ਾਰਿਆਂ ਵਿੱਚ ਦੱਸੀਆਂ ਸੌਖੀਆਂ ਹਿਦਾਇਤਾਂ ਦੀ ਪਾਲਣਾ ਕਰ ਸਕਦਾ ਹੈ<br>- ਟੀਚਰ ਦੇ ਪ੍ਰੇਰਨ `ਤੇ ਜਵਾਬ ਦੇ ਸਕਦਾ ਹੈ | • ਸੌਖੇ ਠੋਸ ਸ਼ਬਦਾਂ, ਵਾਕਾਂਸ਼ਾਂ, ਅਤੇ ਫਿਕਰਿਆਂ ਨੂੰ ਦੁਹਰਾਉਣ ਨਾਲ ਸਮਝਦਾ ਹੈ<br>• ਸਵਾਲਾਂ ਦੇ ਜਵਾਬ ਦੇਣ ਲਈ ਕੁੱਝ ਸਮੇਂ ਦੀ ਲੋੜ ਪੈਂਦੀ ਹੈ<br>• - ਸੌਖੇ ਸਵਾਲ ਅਤੇ ਜਵਾਬ ਸਮਝ ਸਕਦਾ ਹੈ<br>- ਕਹੇ ਗਏ ਸ਼ਬਦਾਂ ਨੂੰ ਸਮਝਣ ਵਿਚ ਮੁਸ਼ਕਲ ਆ ਸਕਦੀ ਹੈ ਭਾਵੇਂ ਹੌਲੀ ਵੀ ਬੋਲਿਆ ਜਾਵੇ<br>• ਵਿਸ਼ਾ ਅਤੇ ਅਕਾਦਮਿਕ ਭਾਸ਼ਾ ਨੂੰ ਸਮਝਣ ਲਈ ਬਹੁਤ ਜ਼ਿਆਦਾ ਮਦਦ ਦੀ ਲੋੜ ਹੈ | • ਮਦਦ ਨਾਲ ਮੁਹਾਵਰੇ ਅਤੇ ਅਲੰਕਾਰਕ ਭਾਸ਼ਾ ਸਮਝਣਾ ਸ਼ੁਰੂ ਕਰ ਰਿਹਾ ਹੈ<br>• ਜਵਾਬ ਦੇਣ ਲਈ ਘੱਟ ਸਮੇਂ ਦੀ ਲੋੜ ਹੈ<br>• - ਟੀਚਰ/ਵਿਦਿਆਰਥੀ ਵਿੱਚ ਹੋਣ ਵਾਲੀ ਕੁੱਝ ਗਲਬਾਤ ਨੂੰ ਸਮਝਦਾ ਹੈ<br>- ਆਮ ਰਫਤਾਰ ਨਾਲ ਬੋਲੀ ਜਾਣ ਵਾਲੀ ਜਾਣੀ-ਪਹਿਚਾਣੀ ਜ਼ਬਾਨ ਸਮਝਦਾ ਹੈ<br>• ਵਿਸ਼ਾ ਅਤੇ ਅਕਾਦਮਿਕ ਭਾਸ਼ਾ ਨੂੰ ਸਮਝਣ ਲਈ ਮਦਦ ਦੀ ਲੋੜ ਹੈ<br>• ਵਾਕਾਂ ਦੇ ਗੁੰਝਲਦਾਰ ਢਾਂਚਿਆਂ ਨੂੰ ਸਮਝਣ ਲਈ ਮਦਦ ਦੀ ਲੋੜ ਹੈ | • ਬੋਲਚਾਲ ਦੀ ਸ਼ਬਦਾਵਲੀ, ਮੁਹਾਵਰੇ ਅਤੇ ਅਲੰਕਾਰਕ ਭਾਸ਼ਾ ਨੂੰ ਮਦਦ ਨਾਲ ਸਮਝਦਾ ਹੈ<br>• ਜਵਾਬ ਦੇਣ ਲਈ ਘੱਟ ਤੋਂ ਘੱਟ ਸਮੇਂ ਦੀ ਲੋੜ ਪੈਂਦੀ ਹੈ<br>• ਕਲਾਸ ਵਿਚ ਹੋਣ ਵਾਲੇ ਬਹੁਤੇ ਵਿਚਾਰ-ਵਟਾਂਦਰਿਆਂ ਨੂੰ ਸਮਝਦਾ ਹੈ<br>• ਵਿਸ਼ਾ/ਅਕਾਦਮਿਕ ਭਾਸ਼ਾ ਨੂੰ ਸਮਝਣ ਲਈ ਕੁਝ ਮਦਦ ਦੀ ਲੋੜ ਹੈ<br>• ਗੁੰਝਲਦਾਰ ਵਾਕਾਂ ਦੇ ਵੱਖ ਵੱਖ ਢਾਂਚਿਆਂ ਨੂੰ ਸਮਝਦਾ ਹੈ |
| **ਬੋਲਣਾ** | • ਠੋਸ ਚੀਜ਼ਾਂ, ਅਲੱਗ ਅਲੱਗ ਸ਼ਬਦਾਂ ਅਤੇ/ਜਾਂ ਵਾਕਾਂਸ਼ਾਂ ਦੀ ਸੀਮਤ ਸ਼ਬਦਾਵਲੀ ਹੈ<br>• ਸ਼ਬਦਾਂ ਨੂੰ ਦੁਹਰਾਉਂਦਾ ਹੈ<br>• ਅਟਕ ਕੇ ਅਤੇ ਭਾਗਾਂ ਵਿਚ ਬੋਲਦਾ ਹੈ; ਅਕਸਰ ਮਾਂ ਬੋਲੀ ਦੇ ਸ਼ਬਦ ਅਤੇ ਵਾਕਾਂਸ਼ ਵਰਤਦਾ ਹੈ<br>• ਅੰਗਰੇਜ਼ੀ ਦੀਆਂ ਕੁਝ ਅਵਾਜਾਂ ਬੋਲਣ ਦੇ ਅਯੋਗ ਹੈ<br>• ਨਿੱਜੀ ਅਤੇ ਜ਼ਰੂਰੀ ਲੋੜਾਂ ਲਈ ਗੱਲਬਾਤ ਕਰਨਾ ਸ਼ੁਰੂ ਕਰਦਾ ਹੈ<br>• ਅਕਸਰ ਚੁੱਪ ਰਹਿੰਦਾ ਹੈ | • ਸੀਮਤ ਸ਼ਬਦਾਵਲੀ ਵਰਤਦਾ ਹੈ, ਸ਼ਬਦ ਅਤੇ ਸ਼ਬਦਾਂ ਦੇ ਅੰਤ ਛੱਡਦਾ ਹੈ<br>• ਝਿਜਕ ਕੇ ਬੋਲਦਾ ਹੈ, ਫਿਕਰਿਆਂ ਨੂੰ ਦੁਬਾਰਾ ਬੋਲਣ ਲਈ ਸ਼ਬਦ ਲੱਭਦਾ ਹੈ, ਅਤੇ ਟਾਲਮਟੋਲ ਕਰਦਾ ਹੈ<br>• ਅੰਗਰੇਜ਼ੀ ਦੇ ਵਾਰਤਾਲਾਪ ਵਿਚ ਮਾਂ ਬੋਲੀ ਦੇ ਢਾਂਚੇ ਸ਼ਾਮਲ ਕਰਦਾ ਹੈ<br>• ਕਮਜ਼ੋਰ ਉਚਾਰਣ ਗੱਲਬਾਤ ਵਿਚ ਵਿਘਨ ਪਾ ਸਕਦਾ ਹੈ<br>• ਸੌਖੇ ਸਵਾਲ ਪੁੱਛਦਾ ਅਤੇ ਜਵਾਬ ਦਿੰਦਾ ਹੈ; ਕੋਈ ਕਹਾਣੀ ਜਾਂ ਤਜਰਬਾ ਦੁਆਰਾ ਦੱਸਦਾ ਹੈ<br>• ਛੋਟੇ ਗਰੁੱਪ ਅਤੇ ਜੋੜਿਆਂ ਵਿਚ ਵਿਚਾਰਵਿਚ ਹਿੱਸਾ ਲੈਣਾ ਸ਼ੁਰੂ -ਵਟਾਂਦਰੇ ਕਰਦਾ ਹੈ; ਚੁੱਪ ਰਹਿਦਾ ਹੈ | • ਮਦਦ ਨਾਲ ਜ਼ਿਆਦਾ ਸ਼ਬਦਾਵਲੀ ਵਰਤਦਾ ਹੈ ਜਿਸ ਵਿਚ, ਵਿਸ਼ੇ ਨਾਲ ਸੰਬੰਧਿਤ ਭਾਸ਼ਾ, ਗੱਲਬਾਤੀ, ਮੁਹਾਵਰੇਦਾਰ ਅਤੇ ਅਲੰਕਾਰਕ ਭਾਸ਼ਾ ਸ਼ਾਮਲ ਹਨ<br>• ਟਾਲ ਸਕਦਾ ਹੈ<br>• ਅੰਗਰੇਜ਼ੀ ਦੇ ਵਾਰਤਾਲਾਪ ਵਿਚ ਘੱਟ ਮਾਂ ਬੋਲੀ ਦੇ ਢਾਂਚੇ ਸ਼ਾਮਲ ਕਰਦਾ ਹੈ<br>• - ਉਚਾਰਣ, ਵਿਆਕਰਣ, ਅਤੇ/ਜਾਂ ਸ਼ਬਦ ਛੱਡਣ ਦੀਆਂ ਗਲਤੀਆਂ ਕਦੇ ਕਦੇ ਗੱਲਬਾਤ ਵਿਚ ਵਿਘਨ ਪਾਉਂਦੀਆਂ ਹਨ<br>- ਆਪਣੇ ਆਪ ਨੂੰ ਠੀਕ ਕਰਨਾ ਸ਼ੁਰੂ ਕਰਦਾ ਹੈ<br>• ਛੋਟੇ ਪ੍ਰਦਰਸ਼ਨ ਦੇਣ ਦੇ ਯੋਗ ਹੈ<br>• ਛੋਟੇ ਗਰੁੱਪ ਦੀ ਗੱਲਬਾਤ ਵਿਚ ਹਿੱਸਾ ਲੈਂਦਾ ਹੈ ਅਤੇ ਵੱਡੇ ਗਰੁੱਪ ਵਿਚ ਹਿੱਸਾ ਲੈਣ ਦੀ ਕੋਸ਼ਿਸ਼ ਕਰਦਾ ਹੈ | • ਮਦਦ ਨਾਲ ਵੱਖ ਵੱਖ ਸ਼ਬਦਾਵਲੀ ਵਰਤਦਾ ਹੈ ਜਿਸ ਵਿਚ, ਵਿਸ਼ੇ ਨਾਲ ਸੰਬੰਧਿਤ ਭਾਸ਼ਾ, ਗੱਲਬਾਤੀ, ਮੁਹਾਵਰੇਦਾਰ ਅਤੇ ਅਲੰਕਾਰਕ ਭਾਸ਼ਾ ਸ਼ਾਮਲ ਹਨ<br>• ਸ਼ਬਦਾਂ ਦੀ ਵਰਤੋਂ ਢੁਕਵੇਂ ਤਰੀਕੇ ਨਾਲ ਕਰਦਾ ਹੈ<br>• ਅੰਗਰੇਜ਼ੀ ਦੇ ਵਾਰਤਾਲਾਪ ਦੀ ਸ਼ੈਲੀ ਦੇ ਨੇੜੇ ਹੈ<br>• ਗੱਲਬਾਤ ਸਮਝਣ ਵਿਚ ਉਚਾਰਣ ਬਹੁਤ ਘੱਟ ਵਿਗਨ ਪਾਂਉਦਾ ਹੈ<br>• ਵਿਸ਼ਾ ਆਧਾਰਿਤ ਲੰਬੀਆਂ ਪ੍ਰਦਰਸ਼ਨੀਆਂ ਕਰਨ ਦੇ ਯੋਗ ਹੈ<br>• ਮਦਦ ਨਾਲ ਕਲਾਸ ਵਿਚਲੇ ਵਿਚਾਰ-ਵਟਾਂਦਰਿਆਂ ਵਿਚ ਹਿੱਸਾ ਲੈਂਦਾ ਹੈ |
| **ਪੜ੍ਹਣਾ** | • ਸੌਖੇ ਸ਼ਬਦ ਬੋਲ ਕੇ ਪੜ੍ਹਦਾ ਹੈ<br>• ਸਮਝਣ ਵਿਚ ਮਦਦ ਲਈ ਜੁਗਤਾਂ ਵਿਕਸਤ ਕਰ ਰਿਹਾ ਹੈ (ਜਿਵੇਂ ਦੇਖਣਯੋਗ ਸ਼ਬਦ, ਸ਼ਬਦਾਵਲੀ ਦਾ ਰਿਵੀਊ)<br>• ਚਿੱਤਰਾਂ, ਤਸਵੀਰਾਂ ਅਤੇ ਲਿਖਤ ਤੋਂ ਸਮਝਣਾ ਸ਼ੁਰੂ ਕਰਦਾ ਹੈ<br>• ਸੌਖੀ ਪਾਠ ਪੁਸਤਕ ਤੋਂ ਵੇਰਵੇ ਲੱਭਣੇ ਸ਼ੁਰੂ ਕਰਦਾ ਹੈ ਅਤੇ ਸਵਾਲਾਂ ਦੇ ਜਵਾਬ ਦਿੰਦਾ ਹੈ<br>• ਪਹਿਲਾਂ ਪੜ੍ਹੇ ਸੌਖੇ ਬਿਰਤਾਂਤ ਨੂੰ ਦੁਬਾਰਾ ਦੱਸਣਾ ਸ਼ੁਰੂ ਕਰਦਾ ਹੈ | • ਸੌਖਾ ਪਾਠ ਆਪਣੇ ਆਪ ਪੜ੍ਹਣਾ ਸ਼ੁਰੂ ਕਰਦਾ ਹੈ<br>• ਸਮਝ ਵਿਚ ਮਦਦ ਲਈ ਜੁਗਤਾਂ ਵਿਕਸਤ ਕਰ ਰਿਹਾ ਹੈ<br>• ਸਪਸ਼ਟ ਖਿਆਲਾਂ ਨੂੰ ਸਮਝਣਾ ਸ਼ੁਰੂ ਕਰਦਾ ਹੈ ਪਰ ਹੋ ਸਕਦਾ ਹੈ ਨਿਹਤ ਜਾਣਕਾਰੀ ਵੱਲ ਧਿਆਨ ਨਾ ਦੇਵੇ ਜਾਂ ਨਾ ਸਮਝੇ<br>• ਸੌਖੀ ਵਿਸ਼ਾਆਧਾਰਿਤ ਸਾਮੱਗਰੀ ਨੂੰ ਸਮਝਣਾ ਕਰਦਾ -ਸ਼ੁਰੂਹੈ ਅਤੇ ਸਵਾਲਾਂ ਦੇ ਜਵਾਬ ਦਿੰਦਾ ਹੈ<br>• ਅਨੁਮਾਨ ਲਾਉਣਾ ਅਤੇ ਅਰਥ ਕੱਢਣਾ ਸ਼ੁਰੂ ਕਰ ਰਿਹਾ ਹੈ | • ਵੱਖ ਵੱਖ ਵਿਸ਼ਿਆਂ ਦੀ ਪੜ੍ਹਣੀ ਸ਼ੁਰੂ ਕਰਦਾ ਹੈ (ਕਲਪਿਤ, ਗੈਰਕਲਪਿਤ, ਇੰਟਰਨੈੱਟ)<br>• ਅਨੁਮਾਨ ਲਾ ਕੇ ਸਮਝਣ ਵਿਚ ਮਦਦ ਲਈ ਜੁਗਤਾਂ ਵਿਕਸਤ ਕਰ ਰਿਹਾ ਹੈ<br>• ਕੁਝ ਸਪਸ਼ਟ ਖਿਆਲਾਂ ਨੂੰ ਸਮਝਦਾ ਹੈ ਅਤੇ ਨਿਹਤ ਜਾਣਕਾਰੀ ਵੱਲ ਧਿਆਨ ਦੇਣਾ ਜਾਂ ਸਮਝਣਾ ਸ਼ੁਰੂ ਕਰਦਾ ਹੈ<br>• ਜ਼ਿਆਦਾ ਗੁੰਝਲਦਾਰ ਪਾਠ ਨੂੰ ਸਮਝਦਾ ਹੈ<br>• ਅਨੁਮਾਨ ਲਾਉਣ ਅਤੇ ਅਰਥ ਕੱਢਣ ਲਈ ਮਦਦ ਦੀ ਲੋੜ ਹੈ<br>• ਪੜ੍ਹਣ ਵਾਲੇ ਸੌਖੇ ਵਿਸ਼ੇ ਨੂੰ ਕਲਾਸ ਵਿਚ ਵਿਚਾਰ-ਵਟਾਂਦਰਿਆਂ ਤੇ ਜਵਾਬੀ ਜਰਨਲਾਂ ਰਾਹੀਂ ਨਿੱਜੀ ਤਜਰਬੇ ਨਾਲ ਜੋੜਣ ਦੇ ਯੋਗ ਹੈ<br>• ਉਧਾਹਰਨ ਦੇਣ ਅਤੇ ਪ੍ਰੇਰਨਾ ਨਾਲ ਨੋਟ ਲੈਣਾ ਅਤੇ ਸਾਰ ਦੱਸਣਾ ਸ਼ੁਰੂ ਕਰਦਾ ਹੈ | • ਮਦਦ ਨਾਲ ਗੁੰਝਲਦਾਰ ਪਾਠ ਪੜ੍ਹਣਾ ਸ਼ੁਰੂ ਕਰਦਾ ਹੈ, ਜਿਸ ਵਿਚ ਆਲੋਚਨਾਤਮਕ ਜਾਂ ਅਨੁਮਾਨ ਲਾ ਕੇ ਪੜ੍ਹਣਾ ਸ਼ਾਮਲ ਹੈ<br>• ਆਲੋਚਨਾਤਮਕ ਅਤੇ ਮੁੱਲਾਂਕਣ ਕਰਨ ਵਾਲੀ ਸਮਝ ਵਿਚ ਮਦਦ ਲਈ ਜੁਗਤਾਂ ਵਿਕਸਤ ਕਰ ਰਿਹਾ ਹੈ<br>• ਬਹੁਤੇ ਸਪਸ਼ਟ ਖਿਆਲਾਂ ਨੂੰ ਸਮਝਦਾ ਹੈ ਪਰ ਨਿਹਤ ਜਾਣਕਾਰੀ ਨੂੰ ਸਮਝਣ ਵਿਚ ਅਜੇ ਵੀ ਮਦਦ ਦੀ ਲੋੜ ਹੋ ਸਕਦੀ ਹੈ<br>• - ਗਰੇਡ ਪੱਧਰ ਦੇ ਪਾਠਾਂ ਦੇ ਮੁੱਖ ਖਿਆਲਾਂ ਅਤੇ ਅਹਿਮ ਨੁਕਤਿਆਂ ਦੀ ਪਛਾਣ ਕਰਨਾ ਸ਼ੁਰੂ ਕਰਦਾ ਹੈ<br>- ਜਾਣਕਾਰੀ ਨੂੰ ਸਮਝਣ ਲਈ ਮਦਦ ਨਾਲ ਪਾਠ ਦੇ ਗਠਨ ਦੇ ਨਮੂਨਿਆਂ ਦੀ ਪਛਾਣ ਕਰਨਾ ਸ਼ੁਰੂ ਕਰਦਾ ਹੈ<br>• ਅਨੁਮਾਨ ਲਾਉਣ, ਮੁੱਲਾਂਕਣ ਕਰਨ ਅਤੇ ਅਰਥ ਕੱਢਣ ਲਈ ਮਦਦ ਲੈਣਾ ਜਾਰੀ ਰੱਖਦਾ ਹੈ<br>• ਪੜ੍ਹਣ ਵਾਲੀ ਜ਼ਿਆਦਾ ਗੁੰਝਲਦਾਰ ਵਿਸ਼ੇ ਨੂੰ ਨਿੱਜੀ ਤਜਰਬਿਆਂ ਨਾਲ ਜੋੜਣਾ ਸ਼ੁਰੂ ਕਰਦਾ ਹੈ (ਵਿਚਾਰ-ਵਟਾਂਦਰਿਆਂ, ਬਹਿਸਾਂ, ਪ੍ਰੇਰਨਾਮਈ ਲਿਖਤਾਂ, ਖੋਜ ਰਾਹੀਂ)<br>• ਆਪਣੇ ਆਪ ਪਾਠ ਦਾ ਨੋਟ ਲੈਣਾ ਅਤੇ ਸਾਰ ਦੱਸਣਾ ਸ਼ੁਰੂ ਕਰਦਾ ਹੈ |

**ਕਿਰਪਾ ਕਰਕੇ ਧਿਆਨ ਦਿਓ: ਇਹ ਈ ਐੱਲ ਐੱਲ ਮੈਟਰਿਕਸ ਅਸਲੀ ਈ ਐੱਲ ਐੱਲ ਮੈਟਰਿਕਸ ਦੇ ਮੂਲ ਪੱਧਰ ਦਾ ਇੱਕ ਸੰਖੇਪ ਉਨੁਵਾਦ ਹੈ ਜੋ ਕੇ ਤੁਸੀਂ: http://www.bced.gov.bc.ca/esl/standards.pdf ਤੇ ਦੇਖ ਸਕਦੇ ਹੋ।

## ਲਿਖਣਾ

| ਪੱਖ | ਪੱਧਰ 1 (ਸ਼ੁਰੁਆਤ) | ਪੱਧਰ 2 (ਉੱਨਤ ਹੋ ਰਿਹਾ) | ਪੱਧਰ 3 (ਵਧ ਰਿਹਾ) | ਪੱਧਰ 4 (ਪੱਕਾ ਹੋ ਰਿਹਾ) |
|---|---|---|---|---|
| **ਅਰਥ**<br>✓ ਖਿਆਲ<br>✓ ਜਾਣਕਾਰੀ<br>✓ ਵੇਰਵਾ | • ਪੜ੍ਹਾਏ ਜਾ ਰਹੇ ਵਿਸ਼ਾਂ ਲਈ ਸੀਮਤ ਸ਼ਬਦਾਵਲੀ ਹੈ<br>• ਲਿਖਤ ਛੋਟੀ ਹੁੰਦੀ ਹੈ; ਵਿਸਤਾਰ ਨਹੀਂ ਹੁੰਦਾ | • ਵੱਖ ਵੱਖ ਵਿਸ਼ਿਆਂ `ਤੇ ਖਿਆਲ ਜ਼ਾਹਰ ਕਰਨ ਦਾ ਯਤਨ ਕਰਦਾ ਹੈ<br>• ਮੁੱਖ ਵਿਚਾਰ ਸਪਸ਼ਟ ਹੁੰਦਾ ਹੈ, ਪਰ ਵਿਸ਼ੇ ਤੋਂ ਪਰ੍ਹਾਂ ਜਾਣਾ, ਅਨਾੜੀ ਸ਼ਬਦ ਅਤੇ ਅਪੂਰਨ ਵਿਸਤਾਰ ਸੰਭਵ ਹਨ<br>• ਸ਼ਬਦਾਂ ਦੀ ਉਕਾਈ ਅਰਥ ਅਸਪਸ਼ਟ ਕਰਦੀ ਹੈ | • ਮਦਦ ਨਾਲ, ਆਪਣੇ ਲੇਖ ਦੇ ਮੁੱਖ ਵਿਚਾਰ ਨੂੰ ਵਿਕਸਤ ਕਰ ਸਕਦਾ ਹੈ<br>• ਨਮੂਨੇ ਵੇਖ ਕੇ, ਠੋਸ ਬਿਰਤਾਂਤੀ ਵੇਰਵੇ, ਉਦਾਹਰਣ ਅਤੇ ਵਿਆਖਿਆ ਦੀ ਵਰਤੋਂ ਕਰ, ਸਹੀ ਅਰਥ ਪੇਸ਼ ਕਰਨ ਦਾ ਯਤਨ ਕਰ ਸਕਦਾ ਹੈ<br>• ਸ਼ਬਦਾਂ ਦੀ ਉਕਾਈ ਅਰਥ ਅਸਪਸ਼ਟ ਕਰ ਸਕਦੀ ਹੈ<br>• ਭਾਸ਼ਾਵਾਂ ਦਾ ਮਿਸ਼ਰਣ ਕਾਇਮ ਰਹਿ ਸਕਦਾ ਹੈ | • ਕਲਪਿਤ ਖਿਆਲ ਸਮੇਤ, ਖਿਆਲਾਂ ਨੂੰ ਜ਼ਿਆਦਾ ਵਿਸਤਾਰ ਵਿਚ ਪ੍ਰਗਟ ਕਰਦਾ ਹੈ<br>• ਵਿਸ਼ੇ ਨਾਲ ਸੰਬੰਧਿਤ ਸ਼ਬਦਾਵਲੀ ਦੀ ਵਰਤੋਂ ਕਰਦੇ ਹੋਏ ਵਿਸ਼ੇ ਨੂੰ ਆਪਣੇ ਖਿਆਲਾਂ ਨਾਲ ਜੋੜਣ ਦਾ ਯਤਨ ਕਰਦਾ ਹੈ, ਭਾਵੇਂ ਕਿ ਪਾਠਕ ਨੂੰ ਨਤੀਜਾ ਕੱਢਣ ਲਈ ਅਨੁਮਾਨ ਲਾਉਣ ਦੀ ਲੋੜ ਪੈ ਸਕਦੀ ਹੈ<br>• ਸ਼ਬਦਾਂ ਦੀ ਉਕਾਈ ਅਰਥ ਦੀ ਅਸਪਸ਼ਟਤਾ ਤੇ ਬਹੁਤ ਘੱਟ ਅਸਰ ਕਰਦੀ ਹੈ<br>• ਕਦੇ ਕਦੇ ਭਾਸ਼ਾਵਾਂ ਦਾ ਮਿਸ਼ਰਣ ਦਿਖਾਈ ਦਿੰਦਾ ਹੈ |
| **ਸਟਾਇਲ/ ਸ਼ਬਦਾਵਲੀ**<br>✓ ਵੰਨਸੁਵੰਨਤਾ<br>✓ ਅਸਰ<br>✓ ਸਪਸ਼ਟਤਾ | • ਸ਼ਬਦਾਵਲੀ ਸੀਮਤ ਹੈ ਅਤੇ ਵਾਰ ਵਾਰ ਦੁਹਰਾਈ ਜਾਂਦੀ ਹੈ | • ਸ਼ਬਦਾਵਲੀ ਸੌਖੀ ਹੁੰਦੀ ਹੈ, ਕਦੇ ਕਦੇ ਬਿਰਤਾਂਤੀ ਸ਼ਬਦਾਂ ਦਾ ਇਸਤੇਮਾਲ ਹੁੰਦਾ ਹੈ<br>• ਗਲਤ ਸ਼ਬਦ ਦੀ ਚੋਣ ਕਰਦਾ ਹੈ | • ਬਿਰਤਾਂਤੀ ਅਤੇ ਖਾਸ ਸ਼ਬਦਾਵਲੀ ਅਤੇ ਅਲੰਕਾਰਕ ਬੋਲੀ ਦੀ ਜ਼ਿਆਦਾ ਵਰਤੋਂ<br>• ਗਲਤ ਸ਼ਬਦ ਦੀ ਚੋਣ ਕਰ ਸਕਦਾ ਹੈ<br>• ਨਮੂਨੇ ਵੇਖ ਕੇ, ਮੁਹਾਵਰੇਦਾਰ ਭਾਸ਼ਾ ਦੀ ਵਰਤੋਂ ਸ਼ੁਰੂ ਕਰਦਾ ਹੈ | • ਸ਼ਬਦਾਵਲੀ ਆਮ ਤੌਰ `ਤੇ ਸਹੀ ਹੁੰਦੀ ਹੈ ਅਤੇ ਲਿਖਣ ਦੀ ਸ਼ੈਲੀ ਨਾਲ ਮੇਲ ਖਾਂਦੀ ਹੈ<br>• ਟਾਲਣਾ ਜਾਰੀ ਰਹਿ ਸਕਦਾ ਹੈ<br>• ਮਦਦ ਨਾਲ, ਅਲੰਕਾਰੀ ਅਤੇ ਮੁਹਾਵਰੇਦਾਰ ਭਾਸ਼ਾ ਦੀ ਵਰਤੋਂ ਕਰ ਸਕਦਾ ਹੈ<br>• ਕੁਝ ਅਜਿਹੀਆਂ ਨਿੱਜੀ ਲਿਖਤਾਂ ਕਰਦਾ ਹੈ ਜਿਨ੍ਹਾਂ ਵਿਚ ਲੇਖਕ ਦੀ ਆਵਾਜ਼ ਪਰਤੱਖ ਹੁੰਦੀ ਹੈ |
| **ਸ਼ਬਦਰੂਪ-**<br>✓ ਤਰਤੀਬ<br>✓ ਸੰਗਠਨ | • ਖਿਆਲਾਂ ਦਾ ਸੰਗਠਨ ਅਤੇ ਤਰਤੀਬ ਅਸਪਸ਼ਟ ਜਾਂ ਕਮਜ਼ੋਰ ਹੋ ਸਕਦੇ ਹਨ<br>• ਕੁਝ ਕਨਜੰਕਸ਼ਨਜ਼ ਦੀ ਵਰਤੋਂ ਕਰ ਸਕਦਾ ਹੈ (ਅਤੇ, ਪਰ, ਜਾਂ) | • ਗੁੰਦਵੇਂ ਪੈਰਿਆਂ ਨੂੰ ਲਿਖਣ ਲਈ ਗ੍ਰਾਫਿਕ ਔਰਗੇਨਾਈਜ਼ਰਜ਼ ਦੀ ਮਦਦ ਦੀ ਲੋੜ ਹੁੰਦੀ ਹੈ<br>• ਜ਼ਿਆਦਾ ਕਨਜੰਕਸ਼ਨਜ਼ ਦੀ ਵਰਤੋਂ ਸ਼ੁਰੂ ਕਰਦਾ ਹੈ (ਅਤੇ, ਪਰ, ਜਾਂ, ਕਿਉਂਕਿ, ਇਸ ਲਈ, ਦੇ ਕਰਕੇ) | • ਲਿਖਤੀ ਕੰਮ ਨੂੰ ਪੈਰਿਆਂ ਵਿਚ ਵੰਡਣਾ ਸ਼ੁਰੂ ਕਰਦਾ ਹੈ<br>• ਪੈਰਿਆਂ ਦੀ ਬਦਲੀ ਅਤੇ ਉਨ੍ਹਾਂ ਦੀ ਸਮਰੂਪਤਾ ਲਈ ਮਦਦ ਦੀ ਲੋੜ ਜਾਰੀ ਰਹਿੰਦੀ ਹੈ | • - ਜੋੜਵੇਂ ਪੈਰੇ ਵਿਚ ਵੇਰਵੇਂ ਸ਼ਾਮਲ ਕਰ ਲਿਖਣਾ ਸ਼ੁਰੂ ਕਰਦਾ ਹੈ<br>- ਲੇਖ ਦਾ ਰੂਪ ਲਾਗੂ ਕਰਨਾ ਸ਼ੁਰੂ ਕਰਦਾ ਹੈ<br>• ਕੁਝ ਗਲਤੀਆਂ ਨਾਲ, ਪੈਰਿਆਂ ਜਾਂ ਉਨ੍ਹਾਂ ਦੇ ਹਿਸਿਆ ਵਿਚ ਸੰਬੰਧ ਸ਼ਾਮਲ ਕਰਦਾ ਹੈ |
| **ਪ੍ਰਥਾ**<br>✓ ਮਜ਼ਮੂਨਕ੍ਰਿਆ - ਸਮਝੌਤਾ<br>✓ ਵੱਡੇ ਅੱਖਰ<br>✓ ਵਿਸ਼ਰਾਮ<br>✓ ਸ਼ਬਦਜੋੜ-<br>✓ ਸਬੰਧਸੂਚਕ ਸ਼ਬਦ<br>✓ ਜੋੜ<br>✓ ਬਹੁਵਚਨ<br>✓ ਆਦਿ | • ਅਕਸਰ ਵਾਕੰਸ਼(ਅੰਸ਼)ਜਾਂ ਇਕ ਨਮੂਨੇ ਦੇ ਫਿਰਕੇ ਲਿਖ ਸਕਦਾ ਹੈ<br>• ਲਿਖਣ ਦੀ ਪ੍ਰਥਾ ਤੋਂ ਜਾਣੂ ਹੋਣਾ ਸ਼ੁਰੂ ਕਰਦਾ ਹੈ<br>• ਬਹੁਤਾ ਕਰਕੇ ਸੌਖਾ ਪ੍ਰੈਜ਼ੈਂਟ ਟੈਂਸ ਵਰਤਦਾ ਹੈ | • ਸੌਖੇ ਵਾਕ ਲਿਖਦਾ ਹੈ; ਲਿਖਾਈ ਵਿਚ ਜਾਰੀ ਰਹਿਣ ਵਾਲੇ ਫਿਕਰੇ ਅਤੇ ਅਧੂਰੇ ਵਾਕ ਹੁੰਦੇ ਹਨ<br>• ਲਿਖਣ ਦੀ ਪ੍ਰਥਾ ਨੂੰ ਜ਼ਿਆਦਾ ਇਕਸਾਰਤਾ ਨਾਲ ਵਰਤਦਾ ਹੈ, ਪਰ ਸਬੰਧਸੂਚਕ ਸ਼ਬਦਾਂ, ਜੋੜਾਂ ਅਤੇ ਬਹੁਵਚਨਾਂ ਨੂੰ ਛੱਡ ਸਕਦਾ ਹੈ<br>• ਵੱਖ ਵੱਖ ਵਰਬ ਟੈਂਸਾਂ ਨੂੰ ਵਰਤਣਾ ਸ਼ੁਰੂ ਕਰਦਾ ਹੈ ਪਰ ਅਕਸਰ ਗਲਤੀਆਂ ਨਾਲ<br>• ਵਿਆਕਰਣ ਦੀ ਗਲਤੀਆਂ ਕਰਦਾ ਹੈ ਜਿਸਦੇ ਕਾਰਨ ਕਦੇ ਕਦੇ ਅਰਥ ਘੱਟ ਜਾਂ ਸਮਝ ਨਹੀਂ ਆਉਂਦਾ | • ਸੌਖੇ ਅਤੇ ਸੰਯੁਕਤ ਫਿਕਰੇ ਲਿਖਦਾ ਹੈ; ਪੇਚੀਦਾ ਫਿਕਰੇ ਲਿਖਣ ਦਾ ਯਤਨ ਕਰ ਸਕਦਾ ਹੈ<br>• ਜ਼ਿਆਦਾ ਸੌਖ ਨਾਲ ਪ੍ਰਥਾ ਦੀ ਵਰਤੋਂ ਕਰਦਾ ਹੈ<br>• ਟੈਂਸ ਦੀ ਇਕਸਾਰਤਾ ਵਿਚ ਗਲਤੀਆਂ ਕਰਨਾ ਜਾਰੀ ਰੱਖਦਾ ਹੈ<br>• ਮਾਂ ਬੋਲੀ ਤੋਂ ਅੰਗ੍ਰੇਜ਼ੀ ਭਾਸ਼ਾ ਵਿਚ ਸਿੱਧਾ ਤਰਜਮਾ ਅੰਗ੍ਰੇਜ਼ੀ ਭਾਸ਼ਾ ਦੇ ਆਊਟਪੁੱਟ ਨੂੰ ਅਸਪਸ਼ਟ ਕਰਦਾ ਹੈ | • ਸੰਯੁਕਤ ਅਤੇ ਪੇਚੀਦਾ ਫਿਕਰਿਆਂ ਨੂੰ ਜ਼ਿਆਦਾ ਇਕਸਾਰਤਾ ਨਾਲ ਵਰਤਦਾ ਹੈ<br>• ਪ੍ਰਥਾ/ਵਿਆਕਰਣ ਦੀ ਗਲਤੀਆਂ ਕਦੇ ਕਦੇ ਕਰਦਾ ਹੈ<br>• ਵੱਖ ਵੱਖ ਟੈਂਸਾਂ, ਕ੍ਰਿਆਵਾਚੀ ਨਾਂਵਾਂ ਅਤੇ ਭਾਵਾਰਥਕਾਂ ਦੀ ਵਰਤੋਂ ਜ਼ਿਆਦਾ ਸੁਭਾਵਕ ਤੌਰ `ਤੇ ਅਤੇ ਅਕਸਰ ਸਹੀ ਕਰਦਾ ਹੈ<br>• ਅੰਗ੍ਰੇਜ਼ੀ ਭਾਸ਼ਾ ਦੇ ਆਊਟਪੁੱਟ ਵਿਚ ਮਾਂ ਬੋਲੀ ਤੋਂ ਤਰਜਮਾ ਘੱਟ ਪ੍ਰਤੱਖ ਹੁੰਦਾ ਹੈ |

| ਤਾਰੀਕ (ਮਹੀਨਾ/ਦਿਨ/ਸਾਲ) | ਟੀਚਰ ਦੇ ਦਸਖਤ | ਕੋਡ (ਹਰ ਸਾਲ ਲਈ ਵੱਖਰਾ ਨਿਸ਼ਾਨ ਜਾਂ ਵੱਖਰਾ ਉਜਾਗਰ ਕਰਨ ਵਾਲਾ ਰੰਗ ਵਰਤੋ) |
|---|---|---|
| | | |
| | | |
| | | |
| | | |
| | | |